ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.), ਬਠਿੰਡਾ।

ਸੇਵਾ ਵਿਖੇ,

ਸਮੂਹ ਬੀ.ਪੀ.ਈ.ਓਜ਼/ਪ੍ਰਿੰਸੀਪਲ/ਮੁੱਖ ਅਧਿਆਪਕ/ਸਕੂਲ ਮੁਖੀ,
ਸਮੂਹ ਸਰਕਾਰੀ/ਏਡਿਡ/ਆਦਰਸ਼/ਪ੍ਰਾਇਵੇਟ/ਸੈਂਟਰਲ ਸਕੂਲ,
ਬਠਿੰਡਾ।

ਪੱਤਰ ਨੰ: ਐਮ.ਆਈ/ਐਚ/2023304998 ਮਿਤੀ 31-10-2023

ਵਿਸ਼ਾ:- ਯੂ-ਡਾਈਸ 2023-24 ਵਿੱਚ ਨਵੇ ਵਿਦਿਆਰਥੀ Add ਕਰਨ ਅਤੇ ਮੋਜੂਦਾ ਵਿਦਿਆਰਥੀ ਡਾਟਾ ਅਪਡੇਟ ਕਰਨ ਸਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਯੂ-ਡਾਈਸ 2023-24 ਆਨਲਾਈਨ ਪੋਰਟਲ ਸ਼ੁਰੂ ਹੋ ਗਿਆ ਹੈ ਅਤੇ ਸਾਰੇ ਹੀ ਮੋਡਿਊਲ ਐਕਟਿਵ ਹੋ ਚੁੱਕੇ ਹਨ। ਇਹ ਡਾਟਾ 30 ਸਤੰਬਰ 2023 ਦੀ ਸਥਿਤੀ ਅਨੁਸਾਰ ਆਨਲਾਈਨ ਪੋਰਟਲ ਤੇ ਅਪਡੇਟ ਕੀਤਾ ਜਾਣਾ ਹੈ।

1) ਇਸ ਵਾਰ ਯੂ-ਡਾਈਸ ਡਾਟਾ ਵਿਚ ਸਕੂਲ ਪੱਧਰ ਤੇ ਸਿਰਫ ਪ੍ਰੀ-ਪ੍ਰਾਇਮਰੀ ਅਤੇ ਪਹਿਲੀ ਕਲਾਸਾਂ ਵਿੱਚ ਹੀ ਨਵੇਂ ਵਿਦਿਆਰਥੀ ADD ਕੀਤੇ ਜਾ ਸਕਦੇ ਹਨ। ਕਲਾਸ ਦੂਜੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਦਾ ਡਾਟਾ ਸਕੂਲ ਪੱਧਰ ਤੇ ਵਿਦਿਆਰਥੀ ਦੇ ਪਿਛਲੇ ਸਕੂਲ ਵਿੱਚੋਂ ਇਮਪੋਰਟ ਕਰ ਲਿਆ ਜਾਵੇ, ਜੇਕਰ ਇਮਪੋਰਟ ਮੋਡਿਊਲ ਵਿੱਚ ਡਾਟਾ ਨਹੀਂ ਸ਼ੋਅ ਹੁੰਦਾ ਤਾਂ ਨਵੇਂ ਵਿਦਿਆਰਥੀ ਨੂੰ ADD ਕਰਨ ਲਈ ਫਾਰਮ S02 (ਨਾਲ ਨੱਥੀ) ਭਰ ਦੇ ਦਸਤੀ ਹਾਰਡ ਕਾਪੀ ਦੇ ਰੂਪ ਵਿੱਚ ਸਮੇਤ ਸਕੂਲ ਮੁਖੀ ਮੋਹਰ-ਹਸਤਾਖਰ ਬੀ.ਪੀ.ਈ.ਓ. ਦਫਤਰ ਵਿਖੇ ਜਮਾਂ ਕਰਵਾਉਣਾ ਹੋਵੇਗਾ। ਜਿਸ ਤੇ ਬੀ.ਪੀ.ਈ.ਓ./ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਮਿਲਣ ਉਪਰੰਤ ਹੀ ਬਲਾਕ ਐਮ.ਆਈ.ਐਸ. ਵੱਲੋ ਵਿਦਿਆਰਥੀ ਡਾਟਾ ADD ਕੀਤਾ ਜਾਵੇਗਾ ਅਤੇ ਵਿਦਿਆਰਥੀ ਡਾਟਾ ADD ਹੋਣ ਉਪਰੰਤ ਹੀ ਸਕੂਲ ਵੱਲੋਂ ਬਾਕੀ ਡਿਟੇਲ ਅਪਡੇਟ ਕੀਤੀ ਜਾਵੇਗੀ।

2) ਕਿਸੇ ਵੀ ਵਿਦਿਆਰਥੀ ਦੇ ਨਾਮ/DOB/ਕਲਾਸ/ਲਿੰਗ/ਅਧਾਰ ਨੰਬਰ ਆਦਿ ਅਪਡੇਟ ਕਰਨ ਲਈ ਫਾਰਮ S03 ਭਰ ਕੇ ਦਸਤੀ ਹਾਰਡ ਕਾਪੀ ਦੇ ਰੂਪ ਵਿੱਚ ਸਮੇਤ ਸਕੂਲ ਮੁਖੀ ਮੋਹਰ-ਹਸਤਾਖਰ ਬੀ.ਪੀ.ਈ.ਓ. ਦਫਤਰ ਵਿਖੇ ਜਮਾਂ ਕਰਵਾਉਣਾ ਹੋਵੇਗਾ। ਬੀ.ਪੀ.ਈ.ਓ./ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਮਿਲਣ ਉਪਰੰਤ ਹੀ ਬਲਾਕ ਐਮ.ਆਈ.ਐਸ. ਵੱਲੋ ਵਿਦਿਆਰਥੀ ਡਾਟਾ ਅਪਡੇਟ ਕੀਤਾ ਜਾਵੇਗਾ

ਨੋਟ: 1) ਕਿਸੇ ਵੀ ਵਿਦਿਆਰਥੀ ਦਾ ਨਵਾਂ ਡਾਟਾ Add ਕਰਵਾਉਣ ਤੋਂ ਪਹਿਲਾਂ ਉਸ ਵਿਦਿਆਰਥੀ ਦਾ ਡਾਟਾ ਚੰਗੀ ਤਰਾਂ ਪੁਰਾਣੇ ਸਕੂਲ ਵਿੱਚੋ ਚੈੱਕ ਕਰ ਲਿਆ ਜਾਵੇ ਅਤੇ ਡਾਟਾ Import ਕੀਤਾ ਜਾਵੇ। ਵਿਦਿਆਰਥੀ ਡਾਟਾ ਕਿਸੇ ਵੀ ਸਕੂਲ ਵਿੱਚ ਦਰਜ ਨਾ ਹੋਣ ਦੀ ਸੂਰਤ ਵਿੱਚ ਹੀ ਫਾਰਮ S02 ਭਰ ਕੇ ਭੇਜਿਆ ਜਾਵੇ।

2) **ਸਕੂਲ ਵੱਲੋਂ ਜੋ ਵੀ ਅਪਡੇਟ/Add ਦੇ ਫਾਰਮ ਭੇਜੇ ਜਾਣ ਉਹ ਮਿਤੀ 10-11-2023 ਤੱਕ ਇਕੋ ਵਾਰ ਹੀ ਇਕ ਫਾਈਲ ਦੇ ਰੂਪ ਚੰਗੀ ਤਰਾਂ ਟੈਗ ਕਰਕੇ ਭੇਜੇ ਜਾਣ ਤਾਂ ਜੋ ਕੋਈ ਫਾਰਮ ਅਲੱਗ ਨਾ ਹੋ ਸਕੇ ਅਤੇ ਬੀ.ਪੀ.ਈ.ਓਜ਼ ਵੀ ਹਰ ਰਿਕਾਰਡ ਨੂੰ ਚੰਗੀ ਤਰਾਂ ਚੈਕ ਕਰਕੇ ਹਸਤਾਖਰ-ਮੋਹਰ ਸਮੇਤ ਐਮ.ਆਈ.ਐਸ. ਬਰਾਂਚ ਤੱਕ ਰੋਜਾਨਾ ਪੁੱਜਦਾ ਕਰਨਗੇ ਤਾਂ ਜੋ ਨਾਲ ਦੀ ਨਾਲ ਡਾਟਾ ਅਪਡੇਟ ਹੁੰਦਾ ਰਹੇ।**

ਨਾਲ ਨੱਥੀ
1) ਫਾਰਮ S02
2) ਫਾਰਮ S03

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਬਠਿੰਡਾ

31/10/23
ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)
ਬਠਿੰਡਾ।